# ਅਗਸਤ ਮਹੀਨੇ ਦੇ ਖੇਤੀ ਰੁਝੇਵੇਂ

**ਝੋਨਾ:** ਝੋਨੇ ਦੀ ਫ਼ਸਲ ਨੂੰ ਪਾਣੀ ਜੀਰਨ ਤੋ ਦੋ ਦਿਨ ਬਾਅਦ ਪਾਣੀ ਦੇਣਾ ਚਾਹੀਦਾ ਹੈ ਪਰ ਖੇਤ ਵਿਚ ਤਰੇੜਾਂ ਨਾ ਪੈਣ ਦਿਓ। ਜੇਕਰ ਨਾਈਟ੍ਰੋਜਨ ਦੀ ਅਖੀਰਲੀ ਕਿਸ਼ਤ ਨਹੀਂ ਪਾਈ ਤਾਂ 30 ਕਿੱਲੋ ਯੂਰੀਆ ਪਾ ਦਿਉ।ਯੂਰੀਆ ਖਾਦ ਪੱਤਾ ਰੰਗ ਚਾਰਟ ਵਿਧੀ ਨਾਲ ਪਾਉਣੀ ਹੈ ਤਾਂ ਜੋ 10 ਵਿੱਚੋਂ 6 ਪੱਤੇ, ਪੱਤਾ ਰੰਗ ਦੀ ਟਿੱਕੀ ਨੰ. 4 ਤੋ ਫਿੱਕੇ ਹੋਣ ਤਾਂ ਹੀ 25 ਕਿੱਲੋ ਯੂਰੀਆ ਪ੍ਰਤੀ ਏਕੜ ਪਾਓ। ਸਿੱਧੀ ਬਿਜਾਈ ਵਾਲੇ ਝੋਨੇ ਨੂੰ ਯੂਰੀਆ ਦੀ ਦੂਜੀ ਅਤੇ ਤੀਜੀ ਕਿਸ਼ਤ ਲਗਭਗ 43 ਕਿੱਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋ 6 ਅਤੇ 9 ਹਫਤਿਆਂ ਤੇ ਪਾਓ। ਬਹੁਤ ਮਾੜੀਆਂ ਜਮੀਨਾਂ ਵਿੱਚ ਸਿਫਾਰਸ਼ ਮਾਤਰਾ ਵਿੱਚ ਜ਼ਿੰਕ ਸਲਫੇਟ ਪਾਉਣ ਦੇ ਬਾਵਜੂਦ ਵੀ ਧੋੜ੍ਹੀਆਂ ਵਿੱਚ ਜ਼ਿੰਕ ਦੀ ਘਾਟ ਆ ਸਕਦੀ ਹੈ। ਅਜਿਹੀਆਂ ਹਾਲਤਾਂ ਵਿੱਚ 10 ਕਿੱਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਅਤੇ ਓਨੀ ਹੀ ਸੁੱਕੀ ਮਿੱਟੀ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਧੋੜ੍ਹੀਆਂ ਵਿੱਚ ਪਾ ਕੇ ਇਸ ਤੱਤ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਰੇਤਲੀਆਂ ਜ਼ਮੀਨਾਂ ਵਿਚ ਆਮ ਤੌਰ ਤੇ ਲੋਹੇ ਦੀ ਘਾਟ ਆ ਜਾਂਦੀ ਹੈ। ਇਸ ਤੱਤ ਤੋਂ ਪ੍ਰਭਾਵਿਤ ਬੂਟਿਆਂ ਦੇ ਨਵੇ ਪੱਤੇ ਸ਼ੁਰੂ ਵਿੱਚ ਪੀਲੇ ਅਤੇ ਬਾਅਦ ਵਿੱਚ ਚਿੱਟੇ ਨਜ਼ਰ ਆਉਂਦੇ ਹਨ ਇਸ ਤੱਤ ਦੀ ਕਮੀ ਨੂੰ 1 ਪ੍ਰਤੀਸ਼ਤ ਫੈਰਸ ਸਲਫੇਟ ਦਾ ਘੋਲ (1.0 ਕਿਲੋ ਫੈਰਸ ਸਲਫੇਟ ਅਤੇ 100 ਲਿਟਰ ਪਾਣੀ) ਪ੍ਰਤੀ ਏਕੜ  ਦੇ ਹਿਸਾਬ ਛਿੜਕਾਅ ਕਰਕੇ ਪੂਰਾ ਕੀਤਾ ਜਾ ਸਕਦਾ ਹੈ। ਇਹ ਛਿੜਕਾਅ 2-3 ਵਾਰ ਹਫ਼ਤੇ-ਹਫ਼ਤੇ ਦੇ ਵਕਫ਼ੇ ਤੇ ਕਰੋ।

ਅਗੇਤੇ ਬੀਜੇ ਹੋਏ ਝੋਨੇ ਦੇ ਪੱਤੇ ਝੁਲਸ ਰੋਗ ਕਾਰਨ ਸੁੱਕੇ ਹੋਏ ਨਜ਼ਰ ਆਉਣਗੇ। ਇਸ ਬਿਮਾਰੀ ਦਾ ਇਲਾਜ ਕਿਸੇ ਵੀ ਦਵਾਈ/ਜ਼ਹਿਰ ਦੇ ਸਪਰੇ ਨਾਲ ਨਹੀਂ ਕੀਤਾ ਜਾ ਸਕਦਾ। ਜ਼ਿਆਦਾ ਨਾਈਟ੍ਰੋਜਨ ਖਾਦ ਦਾ ਪਾਉਣਾ ਅਤੇ ਜ਼ਿਆਦਾ ਪਾਣੀ ਖੇਤ ਵਿੱਚ ਖੜ੍ਹਾ ਰੱਖਣਾ ਇਸ ਬਿਮਾਰੀ ਨੂੰ ਵੱਧਣ ਵਿੱਚ ਸਹਾਇਕ ਹੁੰਦੇ ਹਨ। ਇਸ ਮਹੀਨੇ ਦੇ ਅਖੀਰਲੇ ਹਫ਼ਤੇ ਵਿੱਚ ਤਣੇ ਦੇ ਪੱਤੇ ਦੁਆਲੇ ਝੁਲਸ (ਸ਼ੀਥ ਬਲਾਈਟ) ਰੋਗ ਦਾ ਹਮਲਾ ਦੇਖਿਆ ਜਾ ਸਕਦਾ ਹੈ। ਇਸ ਬਿਮਾਰੀ ਨੂੰ ਰੋਕਣ ਲਈ ਅਯਾਂਨ 48 ਡਬਲਯੂ ਜੀ 200 ਗ੍ਰਾਮ ਜਾਂ ਅਵਾਂਸਰ ਗਲੋ 75 ਡਬਲਯੂ ਜੀ 600 ਗ੍ਰਾਮ  ਜਾਂ ਪਲਸਰ/ਇਗਲੇਅਰ 24ਐਸ ਸੀ 150 ਮਿ.ਲਿ. ਜਾਂ ਐਪਿਕ 75 ਡਬਲਯੂ ਜੀ 26.8 ਗ੍ਰਾਮ ਜਾਂ ਗਲੈਲਿਓ ਵੇਅ 18.76 ਐਸ ਸੀ 400 ਮਿ.ਲਿ. ਜਾਂ ਐਮੀਸਟਾਰ ਟੋਪ 325 ਐਸ ਸੀ 200 ਮਿ:ਲਿ: ਜਾਂ ਨਟੀਵੋ 75 ਡਬਲਯੂ ਜੀ 80 ਗ੍ਰਾਮ ਜਾਂ ਫੋਲੀਕਰ/ਓਰੀਅਸ 25 ਈ ਸੀ 200 ਮਿ: ਲਿ: ਜਾਂ ਟਿਲਟ/ਬੰਪਰ 25 ਈ ਸੀ ਜਾਂ ਮੋਨਸਰਨ 250 ਐਸ ਸੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਇਕਸਾਰ ਛਿੜਕਾਅ ਕਰੋ। ਖੇਤ ਦੀਆਂ ਵੱਟਾਂ ਨੂੰ ਘਾਹ ਫੂਸ ਤੋਂ ਰਹਿਤ ਰੱਖੋ। ਜੇਕਰ ਝੂਠੀ ਕਾਂਗਿਆਰੀ ਆਉਣ ਦਾ ਖਤਰਾ ਹੋਵੇ ਤਾਂ ਗਲੈਲਿਓ ਵੇਅ 18.76 ਐਸ ਸੀ 400 ਮਿ.ਲਿ. ਜਾਂ ਕੋਸਾਈਡ 46 ਡੀ ਐਫ 500 ਗ੍ਰਾਮ ਨੂੰ 200 ਲਿਟਰ ਪਾਣੀ ਵਿੱਚ ਪਾ ਕੇ ਜਦੋਂ ਫਸਲ ਗੋਭ ਵਿੱਚ ਹੋਵੇ ਛਿੜਕਾਅ ਕਰੋ ।

**ਤਣੇ ਦੇ ਗੜੂੰਏ:** ਇਨ੍ਹਾਂ ਕੀੜਿਆਂ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣੇ ਅੰਦਰ ਮੋਰੀਆਂ ਕਰਕੇ ਗੋਭ ਨੂੰ ਸੁਕਾ ਦਿੰਦੀਆਂ ਹਨ। ਜਦੋਂ ਇਹ ਸੁੰਡੀਆਂ ਥੋੜ੍ਹਾ ਪੱਛੜ ਕੇ ਬੂਟਿਆਂ ਤੇ ਹਮਲਾ ਕਰਦੀਆਂ ਹਨ ਤਾਂ ਹਮਲੇ ਦੇ ਸ਼ਿਕਾਰ ਬੂਟੇ ਦੀਆਂ ਦਾਣਿਆਂ ਤੋਂ ਸੱਖਣੀਆਂ ਚਿੱਟੇ ਰੰਗ ਦੀਆਂ ਮੁੰਜਰਾਂ ਖੇਤ ਵਿੱਚ ਸਿੱਧੀਆਂ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਜਦ ਖੇਤ ਵਿੱਚ 5 ਪ੍ਰਤੀਸ਼ਤ ਤੋਂ ਵੱਧ ਸੁੱਕੀਆਂ ਗੋਭਾਂ ਨਜ਼ਰ ਆਉਣ ਤਾਂ ਫ਼ਸਲ ਤੇ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਜਾਂ  50 ਗ੍ਰਾਮ ਟਾਕੂਮੀ 20 ਡਬਲਯੂ ਜੀ ਜਾਂ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ **400 ਗ੍ਰਾਮ ਸੁਪਰੀਮੋ 50 ਡਬਲਯੂ ਪੀ  ਜਾਂ** 170 ਗ੍ਰਾਮ ਮੌਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ ਜਾਂ 80 ਮਿਲੀਲੀਟਰ ਨਿੰਮ ਅਧਾਰਿਤ ਈਕੋਟਿਨ (ਅਜ਼ੈਡੀਰੈਕਟਿਨ 5%) ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਈਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ।ਬਾਸਮਤੀ ਵਿੱਚ ਉਪਰੋਕਤ ਦਵਾਈਆਂ ਤੋਂ ਇਲਾਵਾ 1 ਲਿਟਰ ਅਚੂਕ/ਨੀਮ ਕਵੱਚ ਜਾਂ 4 ਕਿੱਲੋਗ੍ਰਾਮ ਫਰਟੇਰਾ 0.4 ਜੀ ਆਰ (ਕਲੋਰੈਨਟਰਾਨਿਲੀਪਰੋਲ) ਜਾਂ 10 ਕਿੱਲੋਗ੍ਰਾਮ ਪਦਾਨ/ ਕੈਲਡਾਨ/ ਕਰੀਟਾਪ/ ਸਨਵੈਕਸ/ ਨਿਦਾਨ/ ਮਾਰਕਟੈਪ/ ਮਿਫਟੈਪ/ ਕਾਤਸੂ 4 ਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 4 ਕਿੱਲੋਗ੍ਰਾਮ ਵਾਈਬਰੈਂਟ 4 ਜੀ ਆਰ ਜਾਂ 6 ਕਿੱਲੋਗ੍ਰਾਮ ਰੀਜੈਂਟ/ਮੌਰਟੈਲ/ਮਿਫਪਰੋ ਜੀ/ ਮਹਾਂਵੀਰ ਜੀ ਆਰ/ ਸ਼ਿਨਜ਼ਨ 0.3 ਜੀ (ਫਿਪਰੋਨਿਲ) ਪ੍ਰਤੀ ਏਕੜ ਦੇ ਹਿਸਾਬ ਵਰਤਣ ਨਾਲ ਤਣੇ ਦੇ ਗੜੂੰਏਂ ਦੀ ਰੋਕਥਾਮ ਨਾਲ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਵੀ ਹੋ ਜਾਂਦੀ ਹੈ। ਬਾਸਮਤੀ ਝੋਨੇ ਵਿੱਚ ਜੇ 2 ਪ੍ਰਤੀਸ਼ਤ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਹੀ ਕੀੜੇਮਾਰ ਜ਼ਹਿਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

**ਪੱਤਾ ਲਪੇਟ ਸੁੰਡੀ**: ਇਸ ਦੀਆਂ ਸੁੰਡੀਆਂ ਪੱਤਿਆਂ ਨੂੰ ਲਪੇਟ ਲੈਂਦੀਆਂ ਹਨ ਅਤੇ ਅੰਦਰੋਂ-ਅੰਦਰ ਹਰਾ ਮਾਦਾ ਖਾਈ ਜਾਂਦੀਆਂ ਹਨ, ਪੱਤਿਆਂ ਉੱਪਰ ਚਿੱਟੀਆਂ ਧਾਰੀਆਂ ਰਹਿ ਜਾਂਦੀਆਂ ਹਨ।ਜਦੋਂ ਪੱਤਿਆਂ ਦਾ ਨੁਕਸਾਨ 10 ਪ੍ਰਤੀਸ਼ਤ

ਤੋਂ ਵਧੇਰੇ ਹੋਵੇ ਤਾਂ ਫ਼ਸਲ ਦੇ ਨਿਸਰਨ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫ਼ਸਲ ਦੇ ਉੱਪਰਲੇ ਹਿੱਸੇ ਤੇ 2 ਵਾਰੀ ਫੇਰੋ। ਪਹਿਲੀ ਵਾਰ ਕਿਆਰੇ ਦੇ ਇੱਕ ਸਿਰੇ ਤੋਂ ਦੂਸਰੇ ਸਿਰੇ ਤੇ ਜਾਉ ਅਤੇ ਫਿਰ ਉਹਨੀ ਪੈਰੀ ਰੱਸੀ ਫੇਰਦੇ ਹੋਏ ਵਾਪਸ ਮੁੜੋ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਰੱਸੀ ਫੇਰਨ ਵੇਲੇ ਫ਼ਸਲ ਵਿੱਚ ਪਾਣੀ ਜ਼ਰੂਰ ਖੜ੍ਹਾ ਹੋਵੇ। ਇਸ ਕੀੜੇ ਦੀ ਰੋਕਥਾਮ ਲਈ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਜਾਂ 50 ਗ੍ਰਾਮ ਟਾਕੂਮੀ 20 ਡਬਲਯੂ ਜੀ ਜਾਂ **400 ਗ੍ਰਾਮ ਸੁਪਰੀਮੋ 50 ਡਬਲਯੂ ਪੀ ਜਾਂ** 170 ਗ੍ਰਾਮ ਮੌਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 80 ਮਿਲੀਲੀਟਰ ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕੋ। ਈਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ।

**ਬੂਟਿਆਂ ਦੇ ਟਿੱਡੇ:** ਇਨ੍ਹਾਂ ਟਿੱਡਿਆਂ ਦੀ ਰੋਕਥਾਮ ਲਈ ਫਸਲ ਤੇ 94 ਮਿ.ਲਿ. ਪੈਕਸਾਲੋਨ 10 ਐਸ ਸੀ (ਟਰਾਈਫਲੂਮੀਜੋਪਾਇਰਮ) ਜਾਂ 80 ਗ੍ਰਾਮ ਓਸ਼ੀਨ / ਟੋਕਨ/ਡੋਮਿਨੈਂਟ 20 ਐਸ ਜੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 400 ਮਿਲੀਲਿਟਰ ਆਰਕੈਸਟਰਾ 10 ਐਸ ਸੀ (ਬੈਂਜ਼ਪਾਇਰੀਮੋਕਸਨ) ਜਾਂ 300 ਮਿਲੀਲਿਟਰ ਇਮੈਜ਼ਨ 10 ਐਸ ਸੀ (ਫਲੂਪਾਇਰੀਮਨ) ਜਾਂ 800 ਮਿਲੀਲਿਟਰ ਐਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈ ਸੀ (ਕੁਇਨਲਫ਼ਾਸ) ਜਾਂ 80 ਮਿ.ਲਿ. ਈਕੋਟਿਨ ਜਾਂ 4 ਲਿਟਰ ਪੀ ਏ ਯੂ ਨਿੰਮ ਦਾ ਘੋਲ ਨੂੰ 100 ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ। ਛਿੜਕਾਅ ਦਾ ਰੁੱਖ ਬੂਟਿਆਂ ਦੇ ਮੁੱਢਾਂ ਵੱਲ ਨੂੰ ਰੱਖੋ।

**ਮੱਕੀ :** ਮੱਕੀ ਦੇ ਚੰਗੇ ਵਾਧੇ ਲਈ ਢੁਕਵੀ ਸਿੰਚਾਈ ਕਰਨਾ ਜ਼ਰੂਰੀ ਹੈ।ਮੱਕੀ ਦੀ ਫ਼ਸਲ ਜ਼ਿਆਦਾ ਦੇਰ ਤੱਕ ਪਾਣੀ ਖੜ੍ਹਾ ਸਹਾਰ ਨਹੀ ਸਕਦੀ। ਇਸ ਲਈ ਵਾਧੂ ਖੜ੍ਹਾ ਪਾਣੀ ਖੇਤ ਵਿਚੋਂ ਬਾਹਰ ਕੱਢ ਦਿਓ ਇਸ ਨਾਲ ਫਸਲ ਤੇ ਤਣਾ ਗਲਣ ਦਾ ਰੋਗ ਵੀ ਘੱਟ ਲੱਗਦਾ ਹੈ। ਖੜ੍ਹੇ ਪਾਣੀ ਦਾ ਨੁਕਸਾਨ ਨਜ਼ਰ ਆਵੇ ਤਾਂ 3 ਪ੍ਰਤੀਸ਼ਤ ਯੂਰੀਆ ਘੋਲ ਦੇ ਦੋ ਛਿੜਕਾਅ ਹਫਤੇ ਦੇ ਫਰਕ ਤੇ ਕਰਨ ਨਾਲ ਜਾਂ ਵਾਧੂ ਨਾਈਟਰੋਜਨ 12-24 ਕਿੱਲੋ (25-50 ਕਿੱਲੋ ਯੂਰੀਆ) ਪ੍ਰਤੀ ਏਕੜ ਪਾਉਣ ਨਾਲ ਨੁਕਸਾਨ ਘਟਾਇਆ ਜਾ ਸਕਦਾ ਹੈ। ਪੀ ਐਮ ਐਚ 1, ਪ੍ਰਭਾਤ ਅਤੇ ਪੰਜਾਬ ਸਵੀਟ ਕੋਰਨ ਨੂੰ 37 ਕਿੱਲੋ ਯੂਰੀਆ ਦੀ ਅਖ਼ੀਰਲੀ ਕਿਸ਼ਤ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਰ ਪੈਣ ਤੇ ਪਾ ਦਿਓ। ਪਰ ਪੀ ਐਮ ਐਚ 2/ਕੇਸਰੀ/ਪਰਲ ਪਾਪਕੌਰਨ ਨੂੰ 25 ਕਿੱਲੋ ਯੂਰੀਆ ਪ੍ਰਤੀ ਏਕੜ ਪਾਉ। ਪੱਤਿਆਂ ਦੇ ਝੁਲਸ ਰੋਗ ਦੀ ਰੋਕਥਾਮ ਲਈ ਫ਼ਸਲ ਤੇ ਇੰਡੋਫਿਲ ਐਮ-45 200 ਗ੍ਰਾਮ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ। ਇਸ ਤੋਂ ਇਲਾਵਾ ਮੱਕੀ ਨੂੰ ਪੱਤਿਆਂ ਅਤੇ ਟਾਂਡੇ ਦੇ ਝੁਲਸ ਰੋਗ ਤੋਂ ਬਚਾਉਣ ਲਈ ਇਸ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ 100 ਮਿ.ਲਿ. ਐਮੀਸਟਾਰ ਟੋਪ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਮੱਕੀ ਦੇ ਗੜੂੰਏ ਦੀ ਰੋਕਥਾਮ ਲਈ ਫ਼ਸਲ ਤੇ 30 ਮਿ.ਲਿ. ਕੋਰਾਜ਼ਨ 18.5 ਤਾਕਤ ਨੂੰ 60 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕੀਤਾ ਜਾ ਸਕਦਾ ਹੈ। ਇਸ ਦੀ ਰੋਕਥਾਮ ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪ੍ਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 40,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ (ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਅਤੇ ਦੂਜੀ ਵਾਰ ਇੱਕ ਹਫ਼ਤੇ ਬਾਅਦ) ਵਰਤ ਕੇ ਵੀ ਕੀਤੀ ਜਾ ਸਕਦੀ ਹੈ।

**ਨਰਮਾ ਤੇ ਕਪਾਹ:** ਕਪਾਹ ਦੀ ਫਸਲ ਵਿੱਚ ਨਦੀਨਾਂ ਦੀ ਰੋਕਥਾਮ ਲਈ ਗੋਡੀਆਂ ਕਰੋ। ਪਹਿਲੇ ਫੁੱਲ ਨਜ਼ਰ ਆਉਂਦੇ ਸਾਰ ਹੀ 33 ਕਿੱਲੋ ਯੂਰੀਆ ਨਰਮੇਂ ਕਪਾਹ ਦੀਆਂ ਕਿਸਮਾਂ ਅਤੇ 45 ਕਿੱਲੋ ਯੂਰੀਆ ਬੀ ਟੀ ਨਰਮੇ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਯੂਰੀਆ ਖਾਦ ਦੀ ਸੁਚੱਜੀ ਵਰਤੋਂ ਲਈ ਪੀ ਏ ਯੂ ਪੱਤਾ ਰੰਗ ਚਾਰਟ ਦੀ ਵਰਤੋਂ ਕਰੋ। ਨਰਮੇਂ ਨੂੰ ਫੁੱਲ ਆਉਣ ਸਮੇਂ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟਰੇਟ (13:0:45) ਘੋਲ ਦੇ 4 ਛਿੜਕਾਅ ਹਫਤੇ ਦੇ ਵਕਫੇ ਨਾਲ ਕਰੋ।। ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਕਰੋ ਜਦੋਂ ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰੇ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ 6 ਪ੍ਰਤੀ ਪੱਤਾ ਹੋਵੇ। ਇਸ ਦੀ ਰੋਕਥਾਮ ਲਈ **200 ਗ੍ਰਾਮ ਕਲਾਸਟੋ 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ)** ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਜਾਂ 200 ਗ੍ਰਾਮ ਪੋਲੋ/ਕਰੇਜ਼/ਰੂਬੀ/ਲੂਡੋ/ਸ਼ੋਕੂ 50 ਡਬਲਯੂ ਪੀ (ਡਾਇਆਫੈਨਯੂਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 20 ਗ੍ਰਾਮ ਡੈਂਟਟੋਟਸੂ 50 ਡਬਲਯੂ ਜੀ (ਕਲੋਥਫਮੈਨੀਡਿਨ) ਜਾਂ 500 ਮਿ.ਲਿ. ਲੈਨੋ/ਡੈਟਾ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ/ਵੋਲਟੇਜ਼ 22.9 ਐਸ ਸੀ (ਸਪੈਰੋਮੈਸੀਫਿਨ) ਜਾਂ 800 ਮਿਲੀਲਿਟਰ ਫੌਸਮਾਈਟ/ਈ-ਮਾਈਟ/ਵੋਲਥੀਆਨ/ਗੋਲਡਮਿਟ (ਈਥੀਆਨ) ਜਾਂ 1200 ਮਿਲੀਲਿਟਰ ਪੀ ਏ ਯੂ ਨਿੰਮ ਦਾ ਘੋਲ ਜਾਂ 1 ਲਿਟਰ

ਨਿੰਬੀਸੀਡਿਨ/ਅਚੂਕ (ਨਿੰਮ ਅਧਾਰਿਤ ਕੀਟਨਾਸ਼ਕ) ਦਾ ਛਿੜਕਾਅ ਕਰੋ। ਹਰੇ ਤੇਲੇ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਕਰੋ ਜਦੋਂ ਉਪਰਲੇ ਹਿੱਸੇ ਦੇ 50 ਪ੍ਰਤੀਸ਼ਤ ਬੂਟਿਆਂ ਵਿੱਚ ਪੂਰੇ ਬਣ ਚੁੱਕੇ ਪੱਤੇ ਕਿਨਾਰਿਆਂ ਤੋਂ ਪੀਲੇ ਪੈ ਜਾਣ।ਇਸ ਵਾਸਤੇ 300 ਮਿ.ਲਿ. ਕੀਫਨ 15 ਈ ਸੀ ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 300 ਮਿਲੀਲਿਟਰ ਨਿਓਨ 5 ਈ ਸੀ (ਫੈਨਪਾਇਰੋਕਸੀਮੇਟ) ਜਾਂ 40 ਗ੍ਰਾਮ ਐਕਟਾਰਾ/ਦੋਤਾਰਾ/ਥੋਮਸਨ 25 ਡਬਲਯੂ ਜੀ (ਥਾਇਆਮਿਥੋਕਸਮ) ਨੂੰ 125-150 ਲਿਟਰ ਪਾਣੀ ਵਿੱਚ ਘੋਲ ਕੇ ਹੱਥ ਨਾਲ ਚੱਲਣ ਵਾਲੇ ਨੈਪਸੈਕ ਪੰਪ ਨਾਲ ਛਿੜਕਾਅ ਕਰੋ। ਮੀਲੀਬੱਗ ਦੇ ਹਮਲੇ ਨੂੰ ਰੋਕਣ ਲਈ 150 ਮਿਲੀਲਿਟਰ ਟਰਾਂਸਫੋਰਮ 21.8 ਐਸ ਸੀ (ਸਲਫੋਕਸਾਫਲੋਰ) ਪ੍ਰਤੀ ਏਕੜ ਦਾ ਛਿੜਕਾਅ ਕਰੋ। ਇਨ੍ਹਾਂ ਦਵਾਈਆਂ ਲਈ 125-150 ਲਿਟਰ ਪਾਣੀ ਪ੍ਰਤੀ ਏਕੜ ਹੱਥ ਨਾਲ ਚੱਲਣ ਵਾਲੇ ਪੰਪ ਨਾਲ ਜਾਂ 75 ਲਿਟਰ ਮੋਟਰ ਨਾਲ ਚੱਲਣ ਵਾਲੇ ਸਪਰੇਅ ਪੰਪ ਦੀ ਵਰਤੋ ਕਰੋ। ਟੀਂਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਛਿੜਕਾਅ ਉਦੋਂ ਕਰੋ ਜਦੋਂ ਤਾਜ਼ੀਆਂ ਕਿਰੀਆਂ ਫੁੱਲ ਡੋਡੀਆਂ ਵਿੱਚ ਨੁਕਸਾਨ 5 ਪ੍ਰਤੀਸ਼ਤ ਤੋਂ ਵੱਧ ਹੋਵੇ ਅਤੇ ਫਿਰ ਲੋੜ ਅਨੁਸਾਰ ਛਿੜਕਾਅ ਕਰੋ।

**ਟੀਂਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਕੀਟਨਾਸ਼ਕ**

| **ਮਾਰਕਾ (ਕੀਟਨਾਸ਼ਕ)** | ਮਾਤਰਾ ਪ੍ਰਤੀ ਏਕੜ |
|---|---|
| **ਗੁਲਾਬੀ ਅਤੇ ਚਿਤਕਬਰੀ ਸੁੰਡੀਆਂ** | |
| **ੳ) ਸਿੰਥੈਟਿਕ ਪਰਿਥਰਾਇਡ** | |
| ਡੈਨੀਟੋਲ/ਮੀਓਥ੍ਰਿਨ 10 ਈ ਸੀ (ਫੈਨਪ੍ਰੋਪੈਥ੍ਰਿਨ) | 300 ਮਿਲੀਲਿਟਰ |
| ਫਾਸਟਾਕ/ਐਲਫਾਗਾਰਡ/ਮੈਰਿਟ ਅਲਫਾ 10 ਈ ਸੀ (ਐਲਫਾਮੈਥਰਿਨ) | 100 ਮਿਲੀਲਿਟਰ |
| ਬੁਲਡਾਕ 0.25 ਐਸ ਸੀ (ਬੀਟਾ ਸਾਈਫਲੂਥਰਿਨ) | 300 ਮਿਲੀਲਿਟਰ |
| ਰਿਪਕਾਰਡ/ਬਿਲਸਿਪ/ਬੁਲੱਟ/ਉਸਤਾਦ/ਸਾਈਪਰਗਾਰਡ 10 ਈ ਸੀ (ਸਾਈਪਰਮੈਥਰਿਨ) | 200 ਮਿਲੀਲਿਟਰ |
| ਸਿੰਬੁਸ਼/ਸਾਈਪਰਕਿਲ/ਹਿਲਸਾਈਪਰ/ਕੋਲਟ/ਬਾਸਾਥ੍ਰੀਨ/ਐਗਰੋਸਾਈਪਰ/ਸਾਈਪ੍ਰਗਾਰਡ/ ਮਾਰਕਸਾਈਪਰ 25 ਈ ਸੀ (ਸਾਈਪਰਮੈਥਰਿਨ) | 80 ਮਿਲੀਲਿਟਰ |
| ਡੇਸਿਸ/ਰੁਕਾਰਿੰਨ/ਡੈਸੀਕੇਅਰ 2.8 ਈ ਸੀ (ਡੈਲਟਾਮੈਥਰਿਨ) | 160 ਮਿਲੀਲਿਟਰ |
| ਸੁਮੀਸੀਡੀਨ/ਫੈਨਵਲ/ਐਗਰੋਫਿਨ/ਫੈਨਲਿਕ/ਟ੍ਰਿਮਫਕਾਰਡ/ਸਨਬੀਨਫੈਨਵਲਰੇਟ/ ਮਿਲਫਿੰਨ/ ਮਾਰਕਫੈਨਵਲ/ ਫੈਨਰੀਓ 20 ਈ ਸੀ (ਫੈਨਵਲਰੇਟ) | 100 ਮਿਲੀਲਿਟਰ |
| **ਗੁਲਾਬੀ/ਚਿਤਕਬਰੀ ਅਤੇ ਛੋਟੀਆਂ ਅਮਰੀਕਨ ਸੁੰਡੀਆਂ** | |
| **ੳ) ਸਪਾਈਨੋਸਿਨ** | |
| ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) | 170 ਮਿਲੀਲਿਟਰ |
| **ਅ) ਮੈਕਰੋਸਾਈਕਲਿਕ ਲੈਕਟੋਨ** | |
| ਪਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਨਜ਼ੋਏਟ) | 100 ਗ੍ਰਾਮ |
| **ੲ) ਕਾਰਬਾਮੇਟ** | |
| ਲ਼ਾਰਵਿਨ 75 ਡਬਲਯੂ ਪੀ (ਥਾਇਓਡੀਕਾਰਕਬ) | 250 ਗ੍ਰਾਮ |
| **ਸ) ਆਰਗੈਨੋਫਾਸਫੇਟਸ** | |
| ਕਿਉਰਾਕਰਾਨ/ਕਰੀਨਾ/ਪ੍ਰੋਫੈਕਸ/ਸਿਲਕਰਾਨ 50 ਈ ਸੀ (ਪਰੋਫੈਨੋਫਾਸ) | 500 ਮਿਲੀਲਿਟਰ |
| ਫਾਸਮਾਈਟ/ਈ-ਮਾਈਟ/ਵੋਲਥਿਆਨ 50 ਈ ਸੀ (ਈਥੀਆਨ) | 800 ਮਿਲੀਲਿਟਰ |
| **ਹ) ਫੁਟਕਲ ਗੁਰੱਪ** | |
| ਫੇਮ 480 ਐਸ ਸੀ (ਫਲੂਬੈਂਡੀਆਮਾਈਡ) | 40 ਮਿਲੀਲਿਟਰ |
| **ਵੱਡੀਆਂ ਅਮਰੀਕਨ ਸੁੰਡੀਆਂ** | |
| **ੳ) ਨੈਚਰਾਲਾਈਟ** | |
| ਟਰੇਸਟ 48 ਐਸ ਸੀ (ਸਪਾਈਨੋਸੈਡ) | 60 ਮਿਲੀਲਿਟਰ |
| **ਅ) ਆਕਸਾਡਾਇਆਜੀਨ** | |
| ਅਵਾਂਟ 15 ਐਸ ਸੀ/ਅਵਾਂਟ 15 ਈ ਸੀ (ਇੰਡੌਕਸਾਕਾਰਬ) | 200 ਮਿਲੀਲਿਟਰ |
| **ੲ) ਫੁਟਕਲ ਗੁਰੱਪ** | |
| ਸੂਮੀਪਲੀਓ 10 ਈ ਸੀ (ਪਾਇਰੀਡਿਲਾਇਲ) | 300 ਮਿਲੀਲਿਟਰ |

| | |
|---|---|
| ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) | 60 ਮਿਲੀਲਿਟਰ |
| **ਸ) ਆਰਗੈਨੋਫਾਸਫੇਟਸ** | |
| ਔਰਥੀਨ/ਆਸਾਟਾਫ/ਸਟਾਰਥੀਨ/ਮਾਰਕਫੇਟ 75 ਐਸ ਪੀ (ਐਸੀਫੇਟ) | 800 ਗ੍ਰਾਮ |
| **ਤੰਬਾਕੂ ਦੀਆਂ ਸੁੰਡੀਆਂ** | |
| **ੳ) ਇਨਸੈਕਟ ਗਰੋਥ ਰੈਗੂਲੇਟਰ** | |
| ਰੀਮੋਨ 10 ਈ ਸੀ (ਨੋਵਾਲਿਓਰਾਨ) | 150 ਮਿਲੀਲਿਟਰ |
| **ਅ) ਫੁਟਕਲ** | |
| ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) | 60 ਮਿਲੀਲਿਟਰ |

ਇੱਕੋ ਗਰੁੱਪ ਦੀਆਂ ਕੀਟਨਾਸ਼ਕਾਂ ਦਾ ਇੱਕ ਤੋਂ ਵੱਧ ਛਿੜਕਾਅ ਨਾ ਕਰੋ।ਟੀਂਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਅੱਧ ਸਤੰਬਰ ਤੋਂ ਪਿੱਛੋਂ, ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾ ਕਰੋ।ਜੇਕਰ ਛਿੜਕਾਅ ਕਰਨ ਤੋਂ 24 ਘੰਟੇ ਦੇ ਅੰਦਰ ਅੰਦਰ ਵਰਖਾ ਹੋ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ।ਨਰਮੇ ਦੀ ਫਸਲ ਤੇ 2, 4-ਡੀ ਦੀ ਦਵਾਈ ਦਾ ਬਹੁਤ ਮਾੜਾ ਅਸਰ ਹੋ ਜਾਂਦਾ ਹੈ। ਕਈ ਕਿਸਾਨ ਨਰਮੇ ਨੇੜੇ ਮੱਕੀ ਦੇ ਖੇਤਾਂ ਵਿੱਚ ਨਦੀਨ ਮਾਰਨ ਲਈ 2, 4-ਡੀ ਐਸਟਰ ਦੀ ਸਪਰੇਅ ਕਰਦੇ ਹਨ। ਇਸ ਦਵਾਈ ਦੇ ਬੁਖਾਰਾਤ ਬਣ ਜਾਂਦੇ ਹਨ ਜੋ ਹਵਾ ਨਾਲ ਕਾਫੀ ਦੂਰ ਤੱਕ ਖਿੱਲਰ ਜਾਂਦੇ ਹਨ ਅਤੇ ਨਰਮੇ ਦੀ ਫਸਲ ਦਾ ਬਹੁਤ ਨੁਕਸਾਨ ਕਰਦੇ ਹਨ। ਇਸ ਕਰਕੇ ਨਰਮੇ ਦੇ ਨੇੜਲੇ ਖੇਤਾਂ ਤੇ ਇਸ ਦਵਾਈ ਦਾ ਛਿੜਕਾਅ ਨਾ ਕਰੋ।ਕਿਸੇ ਫ਼ਸਲ ਉੱਪਰ 2, 4-ਡੀ ਸਪਰੇ ਕਰਨ ਤੋਂ ਬਾਅਦ ਸ਼ਾਮ ਨੂੰ ਸਪਰੇ ਪੰਪ, ਟੱਬ, ਨੋਜ਼ਲਾਂ ਅਤੇ ਬਾਲਟੀ ਆਦਿ ਨੂੰ 0.5 ਪ੍ਰਤੀਸ਼ਤ ਸੋਢੇ ਦੇ ਪਾਣੀ ਨਾਲ ਭਰ ਦਿਓ (500 ਗ੍ਰਾਮ ਸੋਢਾ 100 ਲਿਟਰ ਪਾਣੀ) ਅਤੇ ਸਵੇਰੇ ਇਸ ਸਮਾਨ ਨੂੰ ਸਾਫ ਪਾਣੀ ਨਾਲ ਧੋ ਲਵੋ।ਮਿਲਾਵਟ ਵਾਲੀ ਜ਼ਹਿਰ ਦੀ ਵਰਤੋਂ ਤੋਂ ਬਚਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਪਰੇ ਕਰਨ ਤੋਂ ਦੋ ਕੁ ਹਫਤੇ ਪਹਿਲਾਂ ਇਸ ਜ਼ਹਿਰ ਨੂੰ ਕੁੱਝ ਬੂਟਿਆਂ ਉੱਪਰ ਛਿੜਕ ਕੇ ਦੇਖ ਲਓ। ਜੇਕਰ ਜ਼ਹਿਰ ਵਿੱਚ 2, 4-ਡੀ ਜ਼ਹਿਰ ਦਾ ਰਲਾ ਹੋਵੇਗਾ ਤਾਂ 10 ਦਿਨਾਂ ਦੇ ਅੰਦਰ ਫਸਲ ਦੇ ਕੂਲੇ ਪੱਤੇ ਅਤੇ ਟਹਿਣੀਆਂ ਖਰਾਬ ਹੋ ਜਾਣਗੇ ਜਾਂ ਪੱਤੇ ਝੜ ਜਾਣਗੇ। ਅਜਿਹੀਆਂ ਜ਼ਹਿਰਾਂ ਨਾ ਵਰਤੋ ਜਿਸ ਨਾਲ ਫਸਲ ਤੇ ਕੋਈ ਮਾੜਾ ਅਸਰ ਹੋਵੇ।ਫਸਲ ਤੇ ਉੱਲੀ ਦੇ ਧੱਬਿਆਂ ਦੇ ਰੋਗ ਨੂੰ ਰੋਕਣ ਲਈ ਐਮੀਸਟਾਰ ਟੋਪ 200 ਮਿ.ਲਿ. ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਪਾ ਕੇ 15 ਤੋਂ 20 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

**ਕਮਾਦ :** ਕਮਾਦ ਦੀ ਫ਼ਸਲ ਡਿੱਗਣ ਤੋਂ ਰੋਕਣ ਲਈ ਅਗਸਤ ਦੇ ਅਖ਼ੀਰ ਤੱਕ ਫ਼ਸਲ ਦੇ ਮੂੰਏ ਬੰਨ੍ਹ ਦਿਉ। ਰੇਤਲੀ ਅਤੇ ਕੱਲਰ ਵਾਲੀਆਂ ਜ਼ਮੀਨਾਂ ਤੇ ਕਮਾਦ ਤੇ ਲੋਹੇ ਦੀ ਘਾਟ ਆਮ ਤੋਰ ਤੇ ਆ ਜਾਂਦੀ ਹੈ ਜਿਸ ਦੀਆਂ ਨਿਸ਼ਾਨੀਆਂ ਨਵੇਂ ਪੱਤਿਆਂ ਤੇ ਵਿਖਾਈ ਦਿੰਦੀਆਂ ਹਨ। ਨਵੇ ਪੱਤੇ ਆਮ ਤੌਰ ਤੇ ਪੀਲੇ ਜਾਂ ਚਿੱਟੇ ਰੰਗ ਦੇ ਨਜ਼ਰ ਆਉਂਦੇ ਹਨ। ਇਸ ਤੱਤ ਦੀ ਘਾਟ 1 ਪ੍ਰਤੀਸ਼ਤ ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ/ 100 ਲਿਟਰ ਪਾਣੀ) ਦੇ ਛਿੜਕਾਅ ਕਰਨ ਨਾਲ ਹੀ ਪੂਰੀ ਕਰ ਸਕਦੇ ਹਾਂ। ਹਫ਼ਤੇ ਦੇ ਵਕਫ਼ੇ ਤੇ 2-3 ਛਿੜਕਾਅ ਕਰੋ। ਵੱਖਰੀ-ਵੱਖਰੀ ਤਰ੍ਹਾਂ ਦੇ ਗੜੂੰਏ ਅਤੇ ਖਾਸ ਕਰਕੇ ਗੁਰਦਾਸਪੁਰੀ ਗੜੂੰਏ ਤੋਂ ਪ੍ਰਭਾਵਿਤ ਬੂਟੇ ਪੁੱਟ ਕੇ ਨਸ਼ਟ ਕਰ ਦਿਉ। ਇਹ ਕੰਮ ਹਫ਼ਤੇ ਦੇ ਵਕਫ਼ੇ ਤੇ ਕਰਦੇ ਰਹੋ ਤਾਂ ਜੋ ਗੜੂੰਆਂ ਫ਼ਸਲ ਤੇ ਅਸਰ ਨਾ ਕਰ ਸਕੇ।ਤਣੇ ਦੇ ਗੜੂੰਏਂ ਦੀ ਰੋਕਥਾਮ ਲਈ ਮਿੱਤਰ ਕੀੜਾ, ਟਰਾਈਕੋਗਰਾਮਾ ਕਿਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ ਜੁਲਾਈ ਤੋਂ ਲੈ ਕੇ ਅਕਤੂਬਰ ਤੱਕ ਦਸ ਦਿਨਾਂ ਦੇ ਵਕਫੇ ਤੇ 10 ਤੋਂ 12 ਵਾਰ ਖੇਤ ਵਿੱਚ ਛੱਡੋ। ਜੁਲਾਈ ਤੋਂ ਅਕਤੂਬਰ ਮਹੀਨਿਆਂ ਦੌਰਾਨ 10 ਫਿਰੋਮੋਨ ਟ੍ਰੈਪ ਵੀ ਲਗਾਓ ਅਤੇ ਫਿਰੋਮੋਨ ਲਿਓਰ ਨੂੰ ਇੱਕ ਮਹੀਨੇ ਦੇ ਵਕਫੇ ਤੇ ਬਦਲੋ। ਕਮਾਦ ਦੇ ਘੋੜੇ ਦੀ ਰੋਕਥਾਮ ਲਈ 600 ਮਿ.ਲਿ. ਕਲੋਰਪਾਇਰੀਫਾਸ 20 ਈ ਸੀ 400 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**ਹਰੇ ਚਾਰੇ :** ਫ਼ਲੀਦਾਰ ਅਤੇ ਗੈਰ -ਫ਼ਲੀਦਾਰ ਚਾਰੇ ਮਿਲਾ ਕੇ ਬੀਜ ਦਿਉ। ਅਜਿਹਾ ਕਰਨ ਨਾਲ ਪੋਸ਼ਟਿਕਤਾ ਵੱਧਦੀ ਹੈ। ਮੱਕੀ+ਗੁਆਰਾ/ਰਵਾਂਹ ਮਿਲਾ ਕੇ ਬੀਜੋ। ਬਹੁਤੀ ਕਟਾਈ ਵਾਲੇ ਚਾਰਿਆਂ ਦੀ ਫ਼ਸਲ ਵਿੱਚ ਪਾਣੀ ਨਾ ਖੜ੍ਹਾ ਰਹਿਣ ਦਿਉ ਅਤੇ 30 ਕਿਲੋ ਨਾਈਟਰੋਜ਼ਨ (66 ਕਿਲੋ ਯੂਰੀਆ) ਪ੍ਰਤੀ ਏਕੜ ਕਟਾਈ ਤੋਂ ਬਾਅਦ ਪਾਓ। ਮੱਕੀ, ਵਿੱਚ ਇੱਟਸਿੱਟ ਨੂੰ ਰੋਕਣ ਲਈ ਉਗਣ ਤੋਂ ਪਹਿਲਾਂ ਐਟਰਾਟਾਫ਼ 800 ਗ੍ਰਾਮ ਪ੍ਰਤੀ ਏਕੜ ਦਰਮਿਆਨੀਆਂ

ਤੋਂ ਭਾਰੀਆਂ ਜਮੀਨਾਂ ਵਿੱਚ ਅਤੇ 500 ਗ੍ਰਾਮ ਪ੍ਰਤੀ ਏਕੜ ਹਲਕੀਆਂ ਜਮੀਨਾਂ ਵਿੱਚ 200 ਲੀਟਰ ਪਾਣੀ ਦੀ ਵਰਤੋਂ ਕਰ ਕੇ ਬਿਜਾਈ ਤੋਂ 10 ਦਿਨਾਂ ਦੇ ਅੰਦਰ ਛਿੜਕਾਅ ਕਰੋ, ਜੇਕਰ ਚਾਰੇ ਵਾਲੀ ਮੱਕੀ ਵਿੱਚ ਐਟਰਾਟਾਫ਼ ਦਾ ਛਿੜਕਾਅ ਕਰਨਾ ਹੋਵੇ ਤਾਂ ਚਾਰੇ ਵਾਲੀ ਮੱਕੀ ਦੀ ਬਿਜਾਈ 15 ਅਗਸਤ ਤੋਂ ਪਹਿਲਾਂ ਕਰੋ ਕਿਉਂਕਿ ਮੱਕੀ ਤੋਂ ਮਗਰੋਂ ਬੀਜੀ ਜਾਣ ਵਾਲੀ ਫ਼ਸਲ ਤੇ ਐਟਰਾਟਾਫ਼ ਦਾ ਮਾੜਾ  ਅਸਰ ਆਉਂਦਾ ਹੈ। ਚਾਰੇ ਵਾਲੀ ਮੱਕੀ ਦੀ ਜਦੋਂ ਦੋਧੀ ਅਵਸਥਾ ਹੋਵੇ, ਬਾਜਰਾ ਜਦੋਂ ਝੰਡੇ ਦੀ ਅਵਸਥਾ ਹੋਵੇ, ਨੇਪੀਅਰ ਬਾਜਰਾ ਅਤੇ ਗਿੰਨੀ ਘਾਹ ਜਦੋਂ ਕਿ ਇੱਕ ਮੀਟਰ ਉੱਚੇ ਹੋਣ ਅਤੇ ਚਰ੍ਹੀ ਜਦੋਂ ਫੁੱਲਾਂ ਦੀ ਅਵਸਥਾ ਤੇ ਹੋਵੇ, ਕਟਾਈ ਕਰ ਲਓ। ਅਜਿਹਾ ਚਾਰਾ ਪਾਉਣ ਨਾਲ ਦੁੱਧ ਉਤਪਾਦਨ ਵਿੱਚ ਵਾਧਾ ਹੋਵੇਗਾ। ਵਾਧੂ ਚਾਰੇ ਦਾ ਆਚਾਰ ਬਣਾ ਕੇ ਤੰਗੀ ਵਾਲੇ ਸਮੇਂ ਲਈ ਰੱਖ ਲਓ।

**ਪਾਰਥੀਨੀਅਮ/ਗਾਜਰ ਬੂਟੀ /ਕਾਂਗਰਸ ਬੂਟੀ ਦੀ ਰੋਕਥਾਮ :** ਇਹ ਨਦੀਨ ਅਣ-ਵਾਹੀਆ ਜਮੀਨਾਂ, ਬਾਗਾਂ ਅਤੇ ਹੋਰ ਦਰੱਖਤਾਂ ਵਾਲੀਆਂ ਥਾਵਾਂ ਤੇ ਬੜੀ ਸਮੱਸਿਆ ਬਣਦਾ ਜਾ ਰਿਹਾ ਹੈ।ਇਹ ਨਦੀਨ ਕਈ ਬਿਮਾਰੀਆਂ ਜਿਵੇਂ ਕਿ ਅਲਰਜੀ, ਸਾਹ ਅਤੇ ਚਮੜੀ ਦੇ ਰੋਗ ਵੀ ਉਤਪੰਨ ਕਰਦਾ ਹੈ। ਇਸ ਨੂੰ ਵਾਰ-ਵਾਰ ਕੱਟ ਕੇ ਜਾਂ ਜੜ੍ਹੋ ਪੁੱਟ ਕੇ ਇਸ ਦਾ ਨਾਸ਼ ਕੀਤਾ ਜਾ ਸਕਦਾ ਹੈ।

## ਸਬਜ਼ੀਆਂ

**ਫੁੱਲ ਗੋਭੀ :** ਇੱਕ ਏਕੜ ਦੀ ਕਾਸ਼ਤ ਵਾਸਤੇ ਮੱਧ ਮੌਸਮੀ ਗੋਭੀ ਦਾ ਇੱਕ ਮਰਲੇ ਵਿੱਚ 250 ਗ੍ਰਾਮ ਬੀਜ ਬੀਜੋ।ਪਨੀਰੀ ਵਾਲੇ ਖੇਤ ਵਿੱਚ ਹਰ ਰੋਜ਼ ਫੁਹਾਰੇ ਨਾਲ ਪਾਣੀ ਦਿਉ। ਬਿਜਾਈ ਤੋ ਪਹਿਲਾਂ 3 ਗ੍ਰਾਮ ਪ੍ਰਤੀ ਕਿਲੋ ਬੀਜ ਨੂੰ ਕੈਪਟਾਨ ਨਾਲ ਸੋਧ ਲਉ।

**ਜੜ੍ਹਦਾਰ ਸਬਜ਼ੀਆਂ:** ਇਸ ਮਹੀਨੇ ਦੇ ਅਖ਼ੀਰ ਤੇ ਮੂਲੀ ਦੀ ਕਿਸਮ ਪੂਸਾ ਚੇਤਕੀ ਅਤੇ ਗਾਜਰ (ਪੀ ਸੀ -161, ਪੰਜਾਬ ਜਾਮੁਨੀ, ਪੰਜਾਬ ਰੌਸ਼ਨੀ, ਪੰਜਾਬ ਬਲੈਕ ਬਿਊਟੀ) ਅਤੇ ਸ਼ਲਗਮ (ਐਲ-1) ਦੀਆਂ ਦੇਸੀ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿਉ। ਬੀਜਣ ਤੋਂ ਪਹਿਲਾਂ 15 ਟਨ ਰੂੜੀ, 55 ਕਿਲੋ ਯੂਰੀਆ ਅਤੇ 75 ਕਿੱਲੋ ਸਿੰਗਲ ਸੁਪਰਫ਼ਾਸਫ਼ੇਟ, ਪ੍ਰਤੀ ਏਕੜ ਦੇ ਹਿਸਾਬ ਪਾਓ। 50 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਗਾਜਰ ਨੂੰ ਹੀ ਪਾਓ। 45 ਸੈ: ਮੀ: ਦੀ ਦੂਰੀ ਤੇ ਵੱਟਾਂ ਬਣਾ ਲਓ ਅਤੇ ਚੰਗੇ ਵੱਤਰ ਵਿੱਚ ਇਨ੍ਹਾਂ ਤੇ ਬੀਜ ਲਗਾਓ। ਇਸ ਤੋਂ ਪਿੱਛੋਂ ਹਫ਼ਤੇ ਵਿੱਚ ਦੋ ਵਾਰ ਪਾਣੀ ਦਿੰਦੇ ਰਹੋ। ਮੂਲੀ ਅਤੇ ਗਾਜਰ ਦਾ 4-5 ਕਿੱਲੋ ਅਤੇ ਸ਼ਲਗਮ ਦਾ 2 ਕਿੱਲੋ ਪ੍ਰਤੀ ਏਕੜ ਬੀਜ ਵਰਤੋ।

**ਮਿਰਚਾਂ :** ਜੇਕਰ ਤਿਆਰ ਹਰੀਆਂ ਮਿਰਚਾਂ ਸਲਾਦ ਅਤੇ ਆਚਾਰ ਲਈ ਤੋੜਣੀਆਂ ਹਨ ਤਾਂ ਉਹ ਵੀ ਤੋੜ ਲਉ। ਫ਼ਲ਼ ਦੇ ਗਾਲੇ ਦੀ ਰੋਕਥਾਮ ਲਈ ਫ਼ਸਲ ਤੇ 250 ਮਿ.ਲਿ. ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ-45, ਜਾਂ ਬਲਾਈਟੋਕਸ ਨੂੰ 250 ਲਿਟਰ ਪਾਣੀ ਵਿੱਚ ਮਿਲਾ ਕੇ ਦਸ ਦਿਨਾਂ ਦੇ ਵਕਫ਼ੇ ਤੇ ਛਿੜਕਾਅ ਕਰੋ।

**ਬੈਗਣ ਅਤੇ ਭਿੰਡੀ :** ਬੈਗਣਾਂ ਦੇ ਫ਼ਲ ਅਤੇ ਸ਼ਾਖਾਂ ਦੇ ਗੜੂੰਏ ਦੀ ਰੋਕਥਾਮ ਲਈ 80 ਮਿ.ਲਿ. ਕੋਰਾਜ਼ਨ 18.5 ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਜੀ ਜਾਂ 100 ਮਿ. ਲਿ. ਸੁਮੀਸੀਡੀਨ 20 ਈ ਸੀ ਜਾਂ 200 ਮਿਲੀਲਿਟਰ ਰਿਪਕਾਰਡ 10 ਈ ਸੀ ਨੂੰ 100 ਤੋਂ 125 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਲੋੜ ਅਨੁਸਾਰ 3-4 ਛਿੜਕਾਅ 14 ਦਿਨਾਂ ਦੇ ਵਕਫ਼ੇ ਨਾਲ ਕੀਟਨਾਸ਼ਕ ਅਦਲ-ਬਦਲ ਕੇ ਕਰੋ। ਬੈਂਗਣ ਦੀ ਜੂੰ ਲਈ 300 ਮਿ.ਲਿ. ਓਮਾਈਟ 57 ਈ ਸੀ ਨੂੰ 100-150 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਭਿੰਡੀ ਦੇ ਤੇਲੇ ਲਈ 80 ਮਿ.ਲਿ ਈਕੋਟਿਨ 5% ਜਾਂ 2 ਲਿਟਰ ਪੀ ਏ ਯੂ ਨਿੰਮ ਦਾ ਘੋਲ ਜਾਂ 40 ਮਿ.ਲਿ ਕੋਨਫੀਡੋਰ 17.8 ਐਸ ਐਲ ਜਾਂ 40 ਗ੍ਰਾਮ ਐਕਟਾਰਾ 25 ਡਬਲਯੂ ਜੀ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਫ਼ਲ ਦੇ ਗੜੂੰਏ ਲਈ ਫੁੱਲ ਸ਼ੁਰੂ ਹੋਣ ਤਾਂ ਹਰ ਦੋ ਹਫ਼ਤਿਆਂ ਮਗਰੋਂ ਤਿੰਨ ਵਾਰ ਛਿੜਕੋ। ਛਿੜਕਾਅ ਲਈ 50 ਮਿ.ਲਿ ਕੋਰਾਜ਼ਨ 18.5 ਐਸ ਸੀ ਜਾਂ 200 ਮਿ.ਲਿ. ਸੁਮੀਪਲੀਓ 10 ਈ ਸੀ ਜਾਂ 70 ਗ੍ਰਾਮ ਪਰੋਕਲੇਮ ਐਸ ਜੀ ਜਾਂ 100 ਮਿ. ਲਿ. ਸੁਮੀਸੀਡੀਨ 20 ਈ ਸੀ ਦੀ ਵਰਤੋ ਕਰੋ।

**ਗੰਢੇ:** ਇਸ ਮਹੀਨੇ ਦੇ ਤੀਸਰੇ ਹਫ਼ਤੇ ਤੇ ਸਾਉਣੀ ਦੀ ਫ਼ਸਲ ਦੀਆਂ ਗੰਢੀਆਂ ਜਾਂ ਪਨੀਰੀ ਰਾਹੀ ਬਿਜਾਈ ਸ਼ੁਰੂ ਕਰ ਦਿਉ। ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ, 125 ਕਿਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਉ। ਲਾਈਨਾਂ ਅਤੇ ਬੂਟੇ ਦਾ ਫ਼ਾਸਲਾ 15×7.5 ਸੈਟੀਮੀਟਰ ਰੱਖੋ।

# ਬਾਗਵਾਨੀ

1. ਬਾਗਾਂ ਵਿੱਚ ਬਹੁਤ ਦੇਰ ਖੜ੍ਹਾ ਪਾਣੀ ਖਰਾਬੀ ਕਰ ਸਕਦਾ ਹੈ, ਸੋ ਵਾਧੂ ਪਾਣੀ ਕੱਢਣ ਦਾ ਢੁੱਕਵਾਂ ਪ੍ਰਬੰਧ ਕਰੋ। ਜ਼ਿਆਦਾ ਪਾਣੀ ਖੜ੍ਹਨ ਕਾਰਨ ਬੂਟਿਆਂ ਖਾਸ ਕਰਕੇ ਪਪੀਤਾ, ਨਾਸ਼ਪਾਤੀ ਅਤੇ ਆੜੂ ਦੀਆਂ ਜੜ੍ਹਾਂ ਗਲਣ ਦੀ ਸ਼ਿਕਾਇਤ ਹੋ ਸਕਦੀ ਹੈ, ਇਸ ਲਈ ਇਨ੍ਹਾਂ ਬੂਟਿਆਂ ਦੁਆਲਿਓ ਜਿੰਨੀ ਛੇਤੀ ਹੋ ਸਕੇ, ਪਾਣੀ ਕੱਢ ਦਿਓ ਅਤੇ ਵੱਤਰ ਆਉਣ ਤੇ ਹਲਕੀ ਗੋਡੀ ਕਰੋ ।
2. ਇਹ ਸਮਾਂ ਸਦਾਬਹਾਰ ਫ਼ਲਦਾਰ ਬੂਟੇ ਜਿਵੇਂ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਪਪੀਤਾ, ਚੀਕੂ ਆਦਿ ਲਗਾਉਣ ਲਈ ਬਹੁਤ ਹੀ ਢੁੱਕਵਾਂ ਸਮਾਂ ਹੈ।
3. ਨਿੰਬੂ ਜਾਤੀ ਦੇ ਬੂਟਿਆਂ ਵਿੱਚ ਜ਼ਿੰਕ ਅਤੇ ਮੈਂਗਨੀਜ ਦੀ ਘਾਟ ਦੀ ਪੂਰਤੀ ਲਈ ਜ਼ਿੰਕ ਸਲਫੇਟ (4.70 ਗ੍ਰਾਮ ਪ੍ਰਤੀ ਲਿਟਰ ਪਾਣੀ) ਅਤੇ ਮੈਂਗਨੀਜ਼ ਸਲਫੇਟ (3.30 ਗ੍ਰਾਮ ਪ੍ਰਤੀ ਲਿਟਰ ਪਾਣੀ) ਨੂੰ ਮਿਲਾ ਕੇ ਛਿੜਕਾਅ ਕਰੋ।
4. ਨਿੰਬੂ ਜ਼ਾਤੀ ਦੇ ਪੈਰ ਗਲ੍ਹਣ ਦੇ ਰੋਗ (ਫ਼ਾਈਟੋਪਥੋਰਾ) ਨੂੰ ਰੋਕਣ ਲਈ ਕਾਰਜ਼ੈੱਟ ਐੱਮ-8 ਪੇਂਟ ਦੇ ਤੌਰ ਤ ਬਿਮਾਰੀ ਵਾਲੇ ਤਣੇ ਤ ਲਗਾਉ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਜੁਲਾਈ-ਅਗਸਤ ਵਿੱਚ (25 ਗ੍ਰਾਮ ਪ੍ਰਤੀ 10 ਲਿਟਰ ਪਾਣੀ) ਚੰਗੀ ਤਰ੍ਹਾਂ ਭਿਉਂ ਦਿਉ ਇਸਦੇ ਬਦਲ ਵਜੋਂ ਸੋਡੀਅਮ ਹਾਈਪੋਕਲੋਰਾਈਟ (5%) ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੀ ਛੱਤਰੀ ਹੇਠ ਮਿੱਟੀ ਅਤੇ ਮੁੱਖ ਤਣਿਆਂ ਨੂੰ ਗੜੁੱਚ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸੋਡੀਅਮ ਹਾਈਕਲੋਰਾਈਡ ਤੇ ਛਿੜਕਾਅ ਤੋਂ ਹਫਤੇ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਫਾਰਮੂਲੇਸ਼ਨ ਨੂੰ 2.5 ਕਿੱਲੋ ਰੂੜੀ ਦੀ ਖਾਦ ਵਿੱਚ ਮਿਲਾ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟੇ ਦੀ ਛੱਤਰੀ ਹੇਠ ਪਾ ਕੇ ਵੀ ਇਸ ਰੋਗ ਦੀ ਰੋਕਥਾਮ ਕੀਤੀ ਜਾ ਸਕਦੀ ਹੈ।
5. ਨਿੰਬੂ ਜਾਤੀ ਦੇ ਫਲਾਂ ਦੇ ਕੇਰੇ ਨੂੰ ਰੋਕਣ ਲਈ 2.4-ਡੀ ਸੋਡੀਅਮ ਸਾਲਟ (ਹਾਰਟੀਕਲਚਰਲ ਗ੍ਰੇਡ) 5 ਗ੍ਰਾਮ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਸੰਤਰੇ, ਮਾਲਟੇ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਕਰੋ।
6. ਅੰਗੂਰਾਂ ਦੇ ਕੋਹੜ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ ਅਗਸਤ ਦੇ ਆਖੀਰ ਵਿੱਚ ਬੋਰਡੋ ਮਿਸ਼ਰਣ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ।
7. ਨਿੰਬੂ ਜਾਤੀ ਦੇ ਫਲਾਂ ਵਿੱਚ ਫ਼ਲ ਦੀ ਮੱਖੀ ਦੀ ਰੋਕਥਾਮ ਲਈ ਅਗਸਤ ਦੇ ਦੂਜੇ ਹਫਤੇ 16 ਪੀ.ਏ.ਯੂ. ਫਰੂਟ ਫਲਾਈ ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਟਰੈਪ ਲਾਓ।
8. ਅਮਰੂਦਾਂ ਦੇ ਬਾਗਾਂ ਵਿੱਚ ਫ਼ਲ ਦੀ ਮੱਖੀ ਦੇ ਹਮਲੇ ਨਾਲ ਗ੍ਰਸਤ ਫ਼ਲਾਂ ਨੂੰ ਲਗਾਤਾਰ ਇਕੱਠਾ ਕਰਕੇ ਦਬਾਉਂਦੇ ਰਹੋ ।
9. ਡਰੈਗਨ ਫ਼ਰੂਟ ਦੇ ਫ਼ਲਾਂ ਦੀ ਤੁੜਾਈ ਸਹੀ ਅਵਸਥਾ ਤੇ ਕਰਕੇ ਅਤੇ ਸਹੀ ਗ੍ਰੇਡ ਬਣਾ ਕੇ ਮੰਡੀਕਰਨ ਕਰੋ ।

## ਸਜਾਵਟੀ ਬੂਟੇ

**ਪੱਕੇ ਬੂਟੇ:** ਸਦਾ ਬਹਾਰਸਜਾਵਟੀ ਰੁੱਖ ਝਾੜੀਆਂ ਅਤੇ ਵੇਲਾਂ ਨੂੰ ਇਸ ਮਹੀਨੇ ਵਿੱਚ ਵੀ ਲਾਇਆ ਜਾ ਸਕਦਾ ਹੈ।

**ਗਮਲਿਆਂ ਵਾਲੇ ਬੂਟੇ:** ਦੋ ਤੋਂ ਤਿੰਨ ਸਾਲ ਪੁਰਾਣੇ ਗਮਲਿਆਂ ਵਾਲੇ ਬੂਟਿਆਂ ਨੂੰ ਗਮਲਿਆਂ ਵਿੱਚੋਂ ਕੱਢ ਕੇ, ਨਵੇਂ ਸਿਰਿਓਂ ਗਮਲੇ ਵਿੱਚ ਮਿੱਟੀ ਅਤੇ ਗਲ੍ਹੀ-ਸੜ੍ਹੀ ਖਾਦ ਖਾਦ ਨਾਲ ਭਰ ਕੇ ਲਗਾਉਣਾ ਚਾਹੀਦਾ ਹੈ। ਪੁਰਾਣੇ ਪੌਦਿਆਂ ਦੀਆਂ ਜੜ੍ਹਾਂ ਦੀ ਲੋੜ ਅਨੁਸਾਰ ਕਾਂਟ-ਛਾਂਟ ਵੀ ਕੀਤੀ ਜਾ ਸਕਦੀ ਹੈ। ਗਮਲੇ ਵਾਲੇ (ਜਿਵੇਂ ਕਿ ਐਗਲੋਨੀਮਾ, ਸਨੇਕ ਪਲਾਂਟ, ਐਸਪੀਡਿਸਟਰਾ ਆਦਿ) ਬੂਟਿਆਂ ਨੂੰ ਨਿਖੇੜ ਕੇ ਪੌਦ ਵਾਧਾ ਵੀ ਇਸ ਮਹੀਨੇ ਕੀਤਾ ਜਾ ਸਕਦਾ ਹੈ।

**ਘਾਹ:** ਪਹਿਲਾਂ ਤੋਂ ਤਿਆਰ ਕੀਤੀ ਜ਼ਮੀਨ ਵਿੱਚ, ਲਾਅਨ ਬਣਾਉਣ ਲਈ ਘਾਹ ਦੀਆਂ ਜੜ੍ਹਾਂ ਜਾਂ ਮੈਟ ਇਸ ਮਹੀਨੇ ਵਿੱਚ ਵੀ ਲਾਇਆ ਜਾ ਸਕਦਾ ਹੈ। ਪਹਿਲਾਂ ਬਣੇ ਹੋਏ ਲਾਅਨ ਦੀ ਕਟਾਈ ਇਸ ਦੇ ਵਾਧੇ ਅਨੁਸਾਰ ਕਰਨੀ ਚਾਹੀਦੀ ਹੈ ਤਾਂ ਕਿ ਨਰਮ/ ਗੱਦੇਦਾਰ ਲਾਅਨ ਬਣਾਇਆ ਜਾ ਸਕੇ। ਮੀਂਹ ਪੈਣ ਤੋਂ ਬਾਅਦ ਮਿੱਟੀ ਵਿੱਚ ਜਿਆਦਾ ਨਮੀਂ ਹੋਣ ਕਰਕੇ ਘਾਹ ਦੀ ਕਟਾਈ ਨਾ ਕਰੋ।

**ਗੁਲਦਾਉਦੀ:** ਪਿਛਲੇ ਮਹੀਨੇ ਗਮਲਿਆਂ ਵਿੱਚ ਲਾਈਆਂ ਸਰਪੇ ਗੁਲਦਾਉਦੀ ਦੀਆਂ ਕਲਮਾਂ ਦੇ ਟੂਸਿਆਂ ਨੂੰ ਤੋੜ ਦੇਣਾ ਚਾਹੀਦਾ ਹੈ ਤਾਂ ਜੋ ਵੱਧ ਫੁੱਲ ਲਏ ਜਾ ਸਕਣ। ਜਪਾਨੀ ਕਿਸਮਾਂ ਦੇ ਤਣੇ ਉਪਰੋਂ ਫੁੱਟ ਰਹੀਆਂ ਸ਼ਾਖਾਵਾਂ ਵੀ ਕੱਟਦੇ ਰਹੋ ਤਾਂ ਜੋ ਵੱਡੇ ਆਕਾਰ ਦਾ ਫੁੱਲ ਮਿਲ ਸਕੇ।

**ਗੁਲਾਬ:** ਬੂਟਿਆਂ ਦੇ ਦੁਆਲੇ ਲਗਾਤਾਰ ਨਦੀਨ ਅਤੇ ਜੜ੍ਹ ਮੁੱਢ ਤੋਂ ਜਤੂੰਏ ਸਾਫ ਕਰੋ। ਬਾਰਿਸ਼ਾਂ ਦੀ ਵਜ੍ਹਾ ਕਰਕੇ ਰੈੱਡ ਸਕੇਲ ਕੀੜੇ ਦਾ ਹਮਲਾ ਹੋ ਸਕਦਾ ਹੈ। ਇਸ ਲਈ ਸਮੇਂ-ਸਮੇਂ ਸਿਰ ਬੂਟਿਆਂ ਦਾ ਨਿਰੀਖਣ ਕਰਦੇ ਰਹੋ।

**ਦਰੱਖਤ, ਝਾੜੀਆਂ ਅਤੇ ਵੇਲਾਂ:** ਦਰੱਖਤਾਂ ਦੇ ਬੀਜ ਸੋਧ ਕਰਕੇ ਵੀ ਇਸੇ ਮਹੀਨੇ ਨਰਸਰੀ ਬੈੱਡਾਂ ਉੱਪਰ ਬੀਜੇ ਜਾ ਸਕਦੇ ਹਨ। ਝਾੜੀਆਂ ਅਤੇ ਵੇਲਾਂ ਦੀਆਂ ਕਲਮਾਂ ਵੀ ਇਸ ਮਹੀਨੇ ਲਾਈਆਂ ਜਾ ਸਕਦੀਆਂ ਹਨ।

**ਗੇਂਦਾ :** ਬੀਜ ਪੈਦਾ ਕਰਨ ਲਈ ਪੰਜਾਬ ਗੇਂਦਾ ਨੰ.1 ਦੀ ਤਿਆਰ ਪਨੀਰੀ ਇਸ ਮਹੀਨੇ ਖੇਤ ਵਿੱਚ ਲਾਈ ਜਾ ਸਕਦੀ ਹੈ।

## ਵਣ ਖੇਤੀ

ਜ਼ਿਆਦਾਤਰ ਦਰੱਖਤ ਜਿਵੇਂ ਕਿ ਸਫੈਦਾ, ਕਿੱਕਰ, ਸੂਬਾਬੂਲ, ਟਾਹਲੀ, ਡੇਕ, ਨਿੰਮ, ਸਾਗਵਾਨ ਆਦਿ ਦੇ ਬੂਟੇ ਜੁਲਾਈ-ਅਗਸਤ (ਬਰਸਾਤੀ ਮੌਸਮ) ਵਿੱਚ ਲਗਾਉਣੇ ਚਾਹੀਦੇ ਹਨ। ਬੂਟੇ ਦੇ ਲਗਾਉਣ ਲਈ ਟੋਏ ਦਾ ਆਕਾਰ 50×50×50 ਸੈਂਟੀਮੀਟਰ ਜਿਸ ਵਿੱਚ 50% ਟੋਏ ਦੀ ਉਪਰਲੀ ਮਿੱਟੀ ਅਤੇ 50% ਗੋਹੇ ਦੀ ਖਾਦ ਪ੍ਰਤੀ ਟੋਆ ਮਿਲਾ ਕੇ ਭਰ ਲੈਣੀ ਚਾਹੀਦੀ ਹੈ। ਬੂਟੇ ਦਾ ਲਿਫਾਫਾ ਉਤਾਰ ਕੇ ਟੋਏ ਦੇ ਵਿਚਕਾਰ ਲਗਾਉ। ਇਹ ਧਿਆਨ ਰੱਖਿਆ ਜਾਵੇ ਕਿ ਲਿਫਾਫਾ ਉਤਾਰਨ ਵੇਲੇ ਜੜ੍ਹਾਂ ਅਤੇ ਮਿੱਟੀ ਦੀ ਚਾਕਲੀ ਨੂੰ ਨੁਕਸਾਨ ਨਾ ਹੋਵੇ। ਬੂਟਾ ਲਗਾ ਕੇ ਉਸੇ ਵੇਲੇ ਪਾਣੀ ਲਗਾ ਦਿਓ।

## ਪਾਪਲਰ

ਪਹਿਲੇ ਦੋ ਸਾਲ ਸਾਉਣੀ ਦੀਆਂ ਸਾਰੀਆਂ ਫ਼ਸਲਾਂ (ਝੋਨੇ ਤੋਂ ਇਲਾਵਾ) ਪਾਪਲਰ ਵਿੱਚ ਉਗਾਈਆਂ ਜਾ ਸਕਦੀਆਂ ਹਨ ਜਿਵੇਂ ਕਿ ਰੌਂਗੀ, ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਆਦਿ। ਪਾਪਲਰ ਤੇ ਭੱਬੂ ਕੁੱਤਾ ਅਤੇ ਪੱਤਾ ਲਪੇਟ ਸੁੰਡੀ ਦਾ ਹਮਲਾ ਇਸ ਸਮੇਂ ਕਾਫੀ ਹੁੰਦਾ ਹੈ। ਇਸ ਦੀ ਰੋਕਥਾਮ ਲਈ ਪ੍ਰਭਾਵਿਤ ਪੱਤਿਆਂ ਨੂੰ ਇਕੱਠਾ ਕਰਕੇ ਨਸ਼ਟ ਕਰ ਦਿਓ ਅਤੇ ਖੇਤਾਂ ਦੇ ਬੰਨਿਆਂ ਤੋਂ ਨਦੀਨਾਂ ਦੀ ਰੋਕਥਾਮ ਯਕੀਨੀ ਬਣਾਓ।

**ਸ਼ਹਿਦ ਦੀਆਂ ਮੱਖੀਆਂ ਪਾਲਣਾ:** ਕਟੁੰਬਾਂ ਦਾ ਨਿਰੀਖਣ ਤੇਜੀ ਨਾਲ ਕਰੋ। ਖੁਰਾਕ ਦੀ ਘਾਟ ਅਤੇ ਬਾਹਰੋਂ ਖੁਰਾਕ ਦੀ ਆਮਦ ਦੀ ਅਣਹੋਂਦ ਦੀ ਸੂਰਤ ਵਿੱਚ ਇੱਕ ਹਿੱਸਾ ਖੰਡ ਅਤੇ ਇੱਕ ਹਿੱਸਾ ਪਾਣੀ ਦਾ ਘੋਲ ਬਣਾ ਕੇ ਦੇਰ ਸ਼ਾਮ ਵੇਲੇ ਸਾਰੇ ਕਟੁੰਬਾਂ ਨੂੰ ਖੁਰਾਕ ਵਜੋਂ ਦਿਓ। ਤਰਜ਼ੀਹ ਦੇ ਤੌਰ ਤੇ ਇਹ ਫੀਡ ਡਵੀਜ਼ਨ ਬੋਰਡ ਫੀਡਰ ਰਾਹੀਂ ਜਾਂ ਖਾਲੀ ਛੱਤਿਆਂ ਵਿੱਚ ਭਰ ਕੇ ਦਿਓ। ਰੌਬਿੰਗ ਤੋਂ ਬਚਣ ਦੇ ਉਪਰਾਲੇ ਕਰੋ ਅਤੇ ਲੋੜ ਪੈਣ ਤੇ ਇਸ ਦੀ ਰੋਕਥਾਮ ਲਈ ਪੀ.ਏ.ਯੂ. ਵੱਲੋਂ ਸਿਫਾਰਿਸ਼ ਕੀਤੇ ਢੰਗ ਅਪਣਾਓ । ਬਰੂਡ ਦੇ ਵਾਧੇ ਲਈ ਸਟੋਰ ਕੀਤਾ ਪਰਾਗ ਜਾਂ ਪੀ.ਏ.ਯੂ. ਪਰਾਗ ਬਦਲ (ਪੋਲਣ ਸਬਸਟੀਚਿਊਟ/ ਸਪਲੀਮੈਂਟ) ਖੁਰਾਕ ਵਜ੍ਹੋਂ ਦਿਓ। ਕਟੁੰਬਾਂ ਨੂੰ ਮੋਮੀ ਕੀੜੇ, ਕਾਲੇ ਕੀੜੇ, ਦੰਦਈਏ ਅਤੇ ਹਰੀ ਚਿੜੀਆਂ ਦੇ ਹਮਲੇ ਤੋਂ ਬਚਾਉ। ਵਾਧੂ ਸਟੋਰ ਕੀਤੇ ਛੱਤਿਆਂ ਨੂੰ ਵੀ ਮੋਮੀ ਕੀੜੇ ਦੇ ਹਮਲੇ ਤੋਂ ਬਚਾਉਣ ਲਈ ਗੰਧਕ ਦੀ ਧੂਣੀ ਦਿਓ। ਕਮਜ਼ੋਰ, ਰਾਣੀ-ਰਹਿਤ ਅਤੇ ਲੇਇੰਗ ਵਰਕਰ ਕਟੁੰਬਾਂ ਨੂੰ ਪੀ.ਏ.ਯੂ. ਦੁਆਰਾ ਸਿਫਾਰਸ਼ ਕੀਤੇ ਤਰੀਕੇ ਅਨੁਸਾਰ ਰਾਣੀ ਵਾਲੇ ਕਟੁੰਬਾਂ ਨਾਲ ਮਿਲਾਓ। ਕਟੁੰਬਾਂ ਨੂੰ ਉੱਚੇ ਸਟੈਂਡਾਂ ਉੱਤੇ ਹੀ ਰੱਖੋ ਅਤੇ ਥੋੜਾ ਜਿਹਾ ਮੂਹਰਲੇ ਪਾਸੇ ਝੁਕਾ ਕੇ ਰੱਖੋ ਤਾਂ ਕਿ ਮੀਂਹ ਦਾ ਪਾਣੀ ਕਟੁੰਬਾਂ ਦੇ ਅੰਦਰ ਵੜ ਅਤੇ ਖੜੋ ਨਾ ਸਕੇ। ਕਟੁੰਬਾਂ ਨੂੰ ਇਸ ਮੌਸਮ ਵਿੱਚ ਬਰਸਾਤੀ ਪਾਣੀ ਅਤੇ ਨਾਲਿਆਂ ਦੇ ਰਾਹ ਅਤੇ ਨੀਵੀਂ ਜਗ੍ਹਾ ਤੇ ਨਾ ਰੱਖੋ। ਕੁਟੰਬਾਂ ਨੂੰ ਉੱਚੇ ਥਾਂ ਤੇ ਰੱਖੋ ਤਾਂ ਕਿ ਕਟੁੰਬਾਂ ਨੂੰ ਹਵਾਦਾਰ ਰੱਖਿਆ ਜਾ ਸਕੇ। ਸ਼ਹਿਦ ਮੱਖੀ ਹਾਈਵ ਦੇ ਉਪਰੱਲੇ ਢੱਕਣ, ਜੋ ਕਿ ਜਿਸਤੀ ਚੱਦਰ ਨਾਲ ਉੱਪਰੋਂ ਢੱਕਿਆ ਹੋਵੇ, ਦੀ ਵਰਤੋਂ ਜ਼ਰੂਰ ਕਰੋ। ਕਟੁੰਬਾਂ ਦੇ ਹੇਠੋਂ ਅਤੇ ਆਸੇ-ਪਾਸਿਓਂ ਨਦੀਨਾਂ ਨੂੰ ਸਾਫ ਕਰਦੇ ਰਹੋ। ਅੰਦਰਲੇ ਢੱਕਣ ਦੇ ਸੈਂਟਰ ਵਿੱਚ ਫਿੱਟ ਜਾਲੀ ਦੇ ਸੁਰਾਖ ਪ੍ਰੋਪੋਲਿਸ ਨਾਲ ਬੰਦ ਨਹੀ ਹੋਣੇ ਚਾਹੀਦੇ, ਸਗੋਂ ਬਿਲਕੁਲ ਸਾਫ ਹੋਣੇ ਚਾਹੀਦੇ ਹਨ।

**ਖੁੰਬਾਂ ਦੀ ਕਾਸ਼ਤ:** ਇਸ ਮਹੀਨੇ ਦੌਰਾਨ ਪਰਾਲੀ ਖੁੰਬ ਦੀ ਕਾਸ਼ਤ ਲਈ ਤਿਆਰ ਕੀਤੇ ਹੋਏ ਪਰਾਲੀ ਦੇ ਪੂਲਿਆ ਨੂੰ ਤਾਜ਼ੇ ਪਾਣੀ ਨਾਲ ਚੰਗੀ ਤਰ੍ਹਾਂ ਗਿੱਲਾ ਕਰਕੇ, ਬੈੱਡ ਬਣਾਓ ਅਤੇ  ਬੀਜ਼ ਰਲਾਉ। ਬੀਜ਼ ਰਲਾਉਣ ਤੋਂ ਇਕ ਦਿਨ ਬਾਅਦ, ਪਰਾਲੀ ਦੇ ਬੈੱਡਾਂ ਨੂੰ ਹਰ ਰੋਜ਼ ਦੋ ਵਾਰ ਪਾਣੀ ਦਾ ਛਿੜਕਾਅ ਕਰੋ। ਰੇਸ਼ਾ ਫੈਲਣ ਤੋਂ 12-14 ਦਿਨਾਂ ਬਾਅਦ ਖੁੰਬਾਂ ਫੁੱਟਣ ਲੱਗਦੀਆਂ ਹਨ। ਇਹਨਾਂ ਪਰਾਲੀ ਦੇ ਬੈੱਡਾਂ ਵਿੱਚ ਰੇਸ਼ਾ ਫੈਲਣ ਤੋਂ ਬਾਅਦ ਇਕ ਮਹੀਨੇ ਤੱਕ ਖੁੰਬਾਂ ਦੀ ਤੁੜਾਈ ਕੀਤੀ ਜਾ ਸਕਦੀ ਹੈ। ਫ਼ਸਲ ਦੀ ਤੁੜਾਈ ਤੋਂ ਬਾਅਦ, ਵਰਤੇ ਹੋਏ ਪਰਾਲੀ ਦੇ ਬੈਡਾਂ ਨੂੰ ਹਟ੍ਹਾ ਦਿਉ ਅਤੇ ਅਗਲੀ ਫ਼ਸਲ ਲਈ ਨਵੇ ਬੈੱਡ ਲਗਾਓ । ਇਸ ਮਹੀਨੇ ਦੌਰਾਨ ਮਿਲਕੀ ਖੁੰਬ ਦੀ ਫਸਲ ਅਤੇ ਤੁੜਾਈ ਵੀ ਜਾਰੀ ਰਹਿੰਦੀ ਹੈ।

**ਡੇਅਰੀ ਫਾਰਮਿੰਗ:**

1.ਫਾਰਮ ਤੇ ਫੋਗਰ ਜਾਂ ਫੁਹਾਰੇ ਤਾਪਮਾਨ ਅਨੁਸਾਰ ਵਰਤਦੇ ਰਹੋ। ਪੱਖੇ ਚਾਲੂ ਰੱਖੋ।

2.ਜਾਨਵਰਾਂ ਦੇ ਜ਼ਖਮਾਂ ਨੂੰ ਕੋਈ ਨਾ ਕੋਈ ਮੱਲ੍ਹਮ ਲਗਾ ਕੇ ਕੀਟਾਣੂੰ ਅਤੇ ਮੱਖੀਆਂ ਤੋ ਬਚਾਉਣਾ ਚਾਹੀਦਾ ਹੈ। ਜ਼ਖਮ ਦੀ ਦੇਖਭਾਲ ਲਈ ਟੋਪੀਕੇਰ ਜਾਂ ਲੋਰੈਕਸੇਨ ਟਿਊਬ ਲਗਾਓ।

3.ਪਸ਼ੂਆਂ ਨੂੰ ਵਾਤਾਵਰਣ ਦੇ ਦਬਾਉ ਤੋਂ ਬਚਾਉਣ ਲਈ ਸ਼ੈੱਡ ਹਵਾਦਾਰ ਅਤੇ ਅਰਾਮਦੇਹ ਰੱਖਣੇ ਚਾਹੀਦੇ ਹਨ।

4. ਇਹਨਾ ਦਿਨਾਂ ਵਿੱਚ ਹਰੇ ਦੀ ਘਾਟ ਹੋਣ ਕਾਰਨ ਸਾਈਲੇਜ ਜਾਂ ਚੁਕੰਦਰ ਦਾ ਆਚਾਰ ਤੂੜੀ ਨਾਲ ਰਲਾ ਕੇ ਵਰਤੋਂ। ਅਗਾਂਹਵਧੂ ਕਿਸਾਨ ਸਾਈਲੇਜ ਦੀ ਵਰਤੋਂ ਸਾਰਾ ਸਾਲ ਹੀ ਕਰਦੇ ਹਨ। ਹਰਾ ਚਾਰਾ ਅਤੇ ਖੁਰਾਕ ਦਿਨ ਦੇ ਠੰਡੇ ਸਮੇਂ ਦੌਰਾਨ ਦਿਓ।

5. ਚਿੱਚੜਾਂ ਤੋ ਬਚਾਉਣ ਲਈ ਸ਼ੈੱਡ ਅੰਦਰ ਕੋਰਸੋਲਿਨ 10 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਅਤੇ ਪਸ਼ੂ ਉਪਰ ਬਿਊਟੋਕਸ/ਕਲੀਨਰ 2 ਮਿਲੀਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਅਤੇ ਇਸ ਨੂੰ 10-15 ਦਿਨਾਂ ਬਾਅਦ ਦੁਬਾਰਾ ਕਰੋ। ਇਹ ਦਵਾਈ ਦਾ ਛਿੜਕਾਅ 6 ਮਹੀਨੇ ਤੋ ਘੱਟ ਉਮਰ ਦੇ ਜਾਨਵਰਾਂ ਉੱਪਰ ਨਾ ਕਰੋ। ਖੁੰਜਿਆਂ ਅਤੇ ਤਰੇੜਾਂ ਵਿੱਚ ਜ਼ਰੂਰ ਛਿੜਕਾਅ ਕਰੋ। ਪੱਠਿਆਂ, ਪਾਣੀ ਅਤੇ ਖੁਰਾਕ ਤੇ ਛਿੜਕਾਅ ਨਾ ਹੋਣ ਦਿਓ। ਦਵਾਈ ਬਣਾਉਣ ਵਾਲੀ ਕੰਪਨੀ ਵਲੋਂ ਲਿਖੀਆਂ ਹਦਾਇਤਾਂ ਤੇ ਅਮਲ ਕਰੋ। ਪਸ਼ੂਆਂ ਨੂੰ ਮਲੱਪ ਰਹਿਤ ਕਰਨ ਲਈ ਖਾਣ ਜਾਂ ਪਿਲਾਣ ਵਾਲੀਆਂ ਦਵਾਈਆਂ ਦਿਓ।

6.ਪਸ਼ੂ ਨੂੰ ਰੋਜ਼ਾਨਾ 30-35 ਕਿੱਲੋ ਹਰਾ ਚਾਰਾ, 1 ਤੋਂ 1½ ਕਿੱਲੋ ਤੂੜੀ, 50 ਗ੍ਰਾਮ ਨਮਕ ਅਤੇ 50 ਗ੍ਰਾਮ ਮਿਠਾ ਸੋਡਾ ਦਿਓ। ਗਾਂਵਾਂ ਨੂੰ ਇੱਕ ਕਿੱਲੋ ਖੁਰਾਕ ਪ੍ਰਤੀ ਢਾਈ ਕਿੱਲੋ ਦੁੱਧ ਉਤਪਾਦਨ ਅਤੇ ਮੱਝਾਂ ਨੂੰ 2 ਕਿੱਲੋ ਦੁੱਧ ਪਿਛੇ ਦਿਓ।

7.ਜੇਕਰ ਪਸ਼ੂ ਪਿਸ਼ਾਬ ਪੀਲਾ ਕਰਦਾ ਹੈ ਤਾਂ ਪਸ਼ੂ ਨੂੰ ਪਾਣੀ ਘੱਟ ਮਿਲ ਰਿਹਾ ਹੈ। ਪਾਣੀ ਭਰਪੂਰ ਮਾਤਰਾ ਵਿੱਚ ਉਪਲੱਬਧ ਰੱਖੋ।

8. ਪਸ਼ੂ ਦੀਆਂ ਅੱਖਾਂ, ਸੂਅ ਅਤੇ ਮੂੰਹ ਦੀ ਅੰਦਰੂਨੀ ਝਿੱਲੀ ਦੇਖਦੇ ਰਹੋ। ਜੇਕਰ ਸਫੇਦ ਜਾਂ ਪੀਲੀ ਨਜ਼ਰ ਆਵੇ ਅਤੇ ਤਾਪਮਾਨ 102° ਫਾਰਨਹੀਟ ਤੋਂ ਜ਼ਿਆਦਾ ਹੋਵੇ ਤਾਂ ਡਾਕਟਰ ਨਾਲ ਸੰਪਰਕ ਕਰੋ।

**ਮੁਰਗੀ ਪਾਲਣ:**

1.ਗਰਮੀਆਂ ਦੇ ਮੌਸਮ ਵਿੱਚ ਮੁਰਗੀਆਂ ਦੀ ਖੁਰਾਕ ਵਿੱਚ 15-20 ਪ੍ਰਤੀਸ਼ਤ ਤੱਕ ਪ੍ਰੋਟੀਨ, ਵਿਟਾਮਿਨ ਅਤੇ ਧਾਤਾਂ ਵਧਾ ਦੇਣੇ ਚਾਹੀਦੇ ਹਨ ਕਿਉਂਕਿ ਗਰਮੀਆਂ ਵਿੱਚ ਪੰਛੀ ਖੁਰਾਕ ਘੱਟ ਖਾਂਦੇ ਹਨ।

2.ਖੁਰਾਕ ਨੂੰ 15 ਦਿਨਾਂ ਤੋਂ ਵੱਧ ਸਟੋਰ ਨਹੀ ਕਰਨਾ ਚਾਹੀਦਾ ਨਹੀ ਤਾਂ ਉਲੀੰ ਲੱਗ ਸਕਦੀ ਹੈ।

3. ਮੁਰਗੀਆਂ ਹੇਠਲੀ ਸੁੱਕ ਨੂੰ ਸਿੱਲ੍ਹਾ ਨਹੀਂ ਹੋਣ ਦੇਣਾ ਚਾਹੀਦਾ। ਸੋ ਸੁੱਕ ਨੂੰ ਹਫ਼ਤੇ ਵਿੱਚ 2-3 ਵਾਰੀ ਹਿਲਾਉਂਦੇ ਰਹਿਣਾ ਚਾਹੀਦਾ ਹੈ।

4. ਸ਼ੈਡ ਵਿੱਚ ਮੁਰਗੀਆਂ ਦੇ ਆਂਡੇ ਦੇਣ ਤੋਂ 1 ਤੋਂ 2 ਹਫਤੇ ਪਹਿਲਾਂ ਖੁੱਡੇ ਰੱਖ ਦਿਓ।

5. ਫੀਡ ਸਵੇਰੇ ਅਤੇ ਸ਼ਾਮ ਨੂੰ ਦਿਓ ਅਤੇ ਦੁਪਿਹਰ ਸਮੇ ਬੰਦ ਕਰ ਦਿਓ। ਸ਼ੈਡ ਦਾ ਤਾਪਮਾਨ 26° ਸੈਲਸੀਅਸ ਤੋਂ ਵੱਧ ਨਹੀਂ ਹੋਣ ਦੇਣਾ ਚਾਹੀਦਾ। ਮੁਰਗੀਆਂ ਦੀ ਸਿਹਤ ਦਾ ਇਸ ਮੌਸਮ ਵਿੱਚ ਖਾਸ ਖਿਆਲ ਰੱਖੋ।

6. ਉਹਨਾਂ ਨੂੰ ਤਾਜ਼ਾ ਅਤੇ ਸਾਫ ਪਾਣੀ ਦਿਉ। ਪਾਣੀ ਵਿੱਚ ਇਲੈਕਰੋਲਾਈਟ 5 ਗ੍ਰਾਮ ਇੱਕ ਲਿਟਰ ਪਾਣੀ ਪ੍ਰਤੀ 100 ਮੁਰਗੀਆਂ ਪਾਓ ਜਾਂ ਫੀਡ ਵਿੱਚ 40-50 ਗ੍ਰਾਮ ਵਿਟਾਮਿਨ ਸੀ ਪ੍ਰਤੀ ਕੁਇੰਟਲ ਪਾਓ।

7. ਜੇ ਮੁਰਗੀਆਂ ਵਿੱਚ ਕੋਈ ਬਿਮਾਰੀ ਜਾਂ ਆਂਡਿਆਂ ਵਿੱਚ ਗਿਰਾਵਟ ਆਵੇ ਤਾਂ ਮਾਹਿਰ ਨਾਲ ਸੰਪਰਕ ਕਰੋ।

8. ਸ਼ੈੱਡ ਹਵਾਦਾਰ ਹੋਣੇ ਚਾਹੀਦੇ ਹਨ। ਇਸ ਕੰਮ ਲਈ ਛੱਤ ਵਾਲੇ ਪੱਖੇ ਜਾਂ ਹਵਾ ਬਾਹਰ ਸੁੱਟਣ ਵਾਲੇ ਪੱਖਿਆਂ ਦੀ ਮੱਦਦ ਲੈਣੀ ਚਾਹੀਦੀ ਹੈ।

9.ਮੱਖੀਆਂ ਉਪਰ ਕਾਬੂ ਪਾਉਣਾ ਚਾਹੀਦਾ ਹੈ ਖਾਸ ਕਰਕੇ ਪਿੰਜਰੇ ਘਰਾਂ ਵਿੱਚ।

10. 14-16 ਹਫਤੇ ਦੀ ਉਮਰ ਤੱਕ ਮੁਰਗੀਆਂ ਦੀਆਂ ਚੁੰਝਾਂ ਕੱਟ ਦੇਣੀਆਂ ਚਾਹੀਦੀਆਂ ਹਨ ਅਤੇ ਉਹਨਾਂ ਨੂੰ ਮਲੱਪ ਰਹਿਤ ਕਰ ਦੇਣਾ ਚਾਹੀਦਾ ਹੈ ।

**ਸੰਯੋਜਕ: ਅਮਰਜੀਤ ਸਿੰਘ**

**ਸੰਗ੍ਰਹਿ ਕਰਤਾ:** ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।